# ਸਰਕਾਰੀ ਕਾਲਜ ਮੋਹਾਲੀ 'ਚ ਸਮਰ ਕੈਂਪ

ਐਸ.ਏ.ਐਸ. ਨਗਰ, 27 ਜੂਨ (ਚਰਨਜੀਤ ਕੌਰ): ਪੋਸਟ ਗਰੈਜੂਏਸ਼ਨ ਵਿਭਾਗ ਫਾਈਨ ਆਰਟਸ ਵੱਲੋਂ ਇੱਥੇ ਦੇ ਸਰਕਾਰੀ ਕਾਲਜ ਫੇਜ਼-6, ਮੁਹਾਲੀ ਵਿੱਚ ਆਯੋਜਿਤ ਸਮਰ ਕੈਂਪ ਅੱਜ

**ਅਖੀਰਲੇ ਦਿਨ ਵਿਦਿਆਰਥੀਆਂ ਨੇ ਲਾਈ ਪ੍ਰਦਰਸ਼ਨੀ**

ਸਮਾਪਤ ਹੋ ਗਿਆ।

ਅਖੀਰਲੇ ਦਿਨ ਕਾਲਜ ਦੇ ਵਿਦਿਆਰਥੀਆਂ ਵੱਲੋਂ ਤਿਆਰ ਆਰਟ ਐਂਡ ਕਰਾਫਟ ਦੀ ਪ੍ਰਦਰਸ਼ਨੀ ਲਗਾਈ ਗਈ। ਜਿਸ ਦਾ ਉਦਘਾਟਨ ਕਾਲਜ ਦੀ ਪ੍ਰਿੰਸੀਪਲ ਸ੍ਰੀਮਤੀ ਕੋਮਲ ਬਰੋਕਾ ਨੇ ਕੀਤਾ ਅਤੇ ਪ੍ਰਦਰਸ਼ਨੀ ਦਾ ਨਿਰੀਖਣ ਕਰਦਿਆਂ ਵਿਦਿਆਰਥੀਆਂ ਦਾ ਹੌਸਲਾ ਵਧਾਇਆ।

ਸਮਰ ਕੈਂਪ ਦੌਰਾਨ ਵਿਦਿਆਰਥੀਆਂ ਨੂੰ ਟਾਈ ਐਂਡ ਡਾਈ, ਫੈਬਰਿਕ ਪੇਂਟਿੰਗ ਸਟਰਾਕ ਪੇਂਟਿੰਗ, ਕੋਲਾਜ ਮੇਕਿੰਗ, ਸਕੈਚਿੰਗ ਅਤੇ ਕਲਰਰਿੰਗ, ਕਲੇਅ ਮਾਡਲਿੰਗ ਆਦਿ ਦੀ ਸਿਖਲਾਈ ਦਿਤੀ ਗਈ। ਇਸ ਕੈਂਪ ਵਿੱਚ ਛੇ ਤੋਂ 12 ਸਾਲ ਦੇ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ।

ਕਾਲਜ ਪ੍ਰਿੰਸੀਪਲ ਸ੍ਰੀਮਤੀ ਕੋਮਲ ਬਰੋਕਾ ਨੇ ਬੱਚਿਆਂ ਦੇ ਕੰਮ ਦੀ ਪ੍ਰਸ਼ੰਸਾ ਕੀਤੀ। ਪੋਸਟ ਗਰੈਜੂਏਸ਼ਨ ਵਿਭਾਗ ਫਾਈਨ ਆਰਟਸ ਦੇ ਪ੍ਰੋਫੈਸਰ ਸ੍ਰੀਮਤੀ ਗਾਇਤਰੀ ਸਿੰਘ, ਸ੍ਰੀਮਤੀ ਸੋਨੀਆ ਸ਼ਰਮਾ, ਹਰਚਰਨ ਸਿੰਘ ਅਤੇ ਸ੍ਰੀਮਤੀ ਨੇਹਾ ਸੂਦ ਨੇ ਕੈਂਪ ਦਾ ਸਫਲਤਾ ਪੂਰਵਕ ਆਯੋਜਨ ਕੀਤਾ।



ਸਰਕਾਰੀ ਕਾਲਜ ਦੀ ਪ੍ਰਿੰਸੀਪਲ ਸ੍ਰੀਮਤੀ ਕੋਮਲ ਬਰੋਕਾ ਸਮਰ ਕੈਂਪ ਦੀ ਸਮਾਪਤੀ ਮੌਕੇ ਵਿਦਿਆਰਥੀਆਂ ਨਾਲ।

ਤਾ ਕੈਂਪ ਲਾਇਆ

# ਸਰਕਾਰੀ ਕਾਲਜ ਮੁਹਾਲੀ ਵਿੱਚ ਸਮਰ ਕੈਂਪ ਸਮਾਪਤ

**ਪੱਤਰ ਪ੍ਰੇਰਕ**

**ਐਸਏਐਸ ਨਗਰ (ਮੁਹਾਲੀ), 27 ਜੂਨ**

ਪੋਸਟ ਗਰੈਜੂਏਸ਼ਨ ਵਿਭਾਗ ਫਾਈਨ ਆਰਟਸ ਵੱਲੋਂ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਇੱਥੋਂ ਦੇ ਸਰਕਾਰੀ ਕਾਲਜ ਫੇਜ਼-6 ਵਿੱਚ ਲਗਾਇਆ ਗਿਆ ਸਮਰ ਕੈਂਪ ਅੱਜ ਸਮਾਪਤ ਹੋ ਗਿਆ। ਅਖੀਰਲੇ ਦਿਨ ਕਾਲਜ ਦੇ ਵਿਦਿਆਰਥੀਆਂ ਵੱਲੋਂ ਤਿਆਰ ਆਰਟ ਐਂਡ ਕਰਾਫ਼ਟ ਦੀ ਪ੍ਰਦਰਸ਼ਨੀ ਲਗਾਈ ਗਈ, ਜਿਸ ਦਾ ਉਦਘਾਟਨ ਕਾਲਜ ਦੀ ਪ੍ਰਿੰਸੀਪਲ ਕੋਮਲ ਬਰੋਕਾ ਨੇ ਕੀਤਾ ਅਤੇ ਪ੍ਰਦਰਸ਼ਨੀ ਦਾ ਨਿਰੀਖਣ ਕਰਦਿਆਂ ਵਿਦਿਆਰਥੀਆਂ ਦਾ ਹੌਸਲਾ ਵਧਾਇਆ। ਉਨ੍ਹਾਂ ਵਿਦਿਆਰਥੀਆਂ ਦੇ ਕੰਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਆਯੋਜਨਾਂ ਨਾਲ ਵਿਦਿਆਰਥੀਆਂ ਵਿੱਚ ਮੁਕਾਬਲੇ ਦੀ ਭਾਵਨਾ ਪੈਦਾ ਹੁੰਦੀ ਹੈ। ਉਨ੍ਹਾਂ ਕਿਹਾ ਕਿ ਇਹ ਸਮਰ ਕੈਂਪ ਵਿਦਿਆਰਥੀਆਂ ਲਈ ਕਾਫੀ ਲਾਭਦਾਇਕ ਸਾਬਤ ਹੋਵੇਗਾ। ਸਮਰ ਕੈਂਪ ਦੌਰਾਨ ਵਿਦਿਆਰਥੀਆਂ ਨੂੰ ਟਾਈ ਐਂਡ ਡਾਈ, ਫੈਬਰਿਕ ਪੇਂਟਿੰਗ ਸਟਰਾਕ ਪੇਂਟਿੰਗ, ਕੋਲਾਜ ਮੇਕਿੰਗ, ਸਕੈਚਿੰਗ ਅਤੇ ਕਲਰਰਿੰਗ, ਕਲੇਅ ਮਾਡਲਿੰਗ ਆਦਿ ਦੀ ਸਿਖਲਾਈ ਦਿੱਤੀ ਗਈ। ਇਸ ਕੈਂਪ ਵਿੱਚ 6 ਸਾਲ ਤੋਂ 12 ਸਾਲ ਦੇ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ। ਇਸ ਮੌਕੇ ਪੋਸਟ ਗਰੈਜੂਏਸ਼ਨ ਵਿਭਾਗ ਫਾਈਨ ਆਰਟਸ ਦੀ ਪ੍ਰੋ. ਗਾਇਤਰੀ ਸਿੰਘ, ਸੋਨੀਆ ਸ਼ਰਮਾ, ਹਰਚਰਨ ਸਿੰਘ ਅਤੇ ਨੇਹਾ ਸੂਦ ਵੀ ਹਾਜ਼ਰ ਸਨ।



ਪ੍ਰਿੰਸੀਪਲ ਕੋਮਲ ਬਰੋਕਾ ਵਿਦਿਆਰਥੀਆਂ ਦੇ ਰੂਬਰੂ ਹੁੰਦੇ ਹੋਏ। -ਫੋਟੋ: ਸੋਢੀ